## ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਐਕਟ ਨੰਬਰ 35 ਤਹਿਤ ਸਥਾਪਿਤ)

**(ਪ੍ਰੈਕਟੀਕਲ-ਸ਼ਾਖਾ)**

ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ

ਜਿਵੇਂ ਕਿ ਆਪਜੀ ਨੂੰ ਪਤਾ ਹੈ ਕਿ ਪਹਿਲੇ ਸਾਲ ਅੰਡਰ-ਗ੍ਰੈਜੂਏਟ ਪੱਧਰ ਦੇ ਪ੍ਰੈਕਟੀਕਲ ਕਾਲਜ ਨੇ ਆਪਣੇ ਪੱਧਰ ਤੇ ਹੀ ਕਰਵਾਉਣੇ ਹੁੰਦੇ ਹਨ। ਇਸ ਵਾਰ ਅਪ੍ਰੈਲ/2017 ਦੀਆਂ ਸਮੈਸਟਰ ਪ੍ਰੀਖਿਆਵਾਂ ਦੇ ਦੂਜੇ ਅਤੇ ਤੀਸਰੇ ਸਾਲ ਦੇ ਸਾਰੇ ਕੋਰਸਾਂ ਦੇ ਪ੍ਰੈਕਟੀਕਲ ਕਾਲਜਾਂ ਨੇ ਆਪਣੇ ਪੱਧਰ ਤੇ ਲੈਣੇ ਹਨ। ਉਸ ਵਿੱਚ ਯੂਨੀਵਰਸਿਟੀ ਵੱਲੋਂ ਇਕ ਸਾਂਝੀ ਡੇਟਸ਼ੀਟ ਨੈੱਟ ਤੇ ਪਾਈ ਜਾਵੇਗੀ। ਕਾਲਜ ਪੈਨਲ ਵਿਚੋਂ ਕਿਸੇ ਵੀ ਆਪਣੇ ਨਜ਼ਦੀਕੀ ਕਾਲਜ ਦੇ ਵਿਸ਼ਾ ਮਾਹਰ ਅਤੇ ਤਜਰਬੇਕਾਰ ਅਧਿਆਪਕ ਨੂੰ ਬੁਲਾ ਕੇ ਪ੍ਰੈਕਟੀਕਲ ਕਰਵਾਉਣਗੇ।ਇਹ ਪੈਨਲ ਆਫ਼ ਪ੍ਰੈਕਟੀਕਲ ਇੰਗਜ਼ਾਮੀਨਰ ਯੂਨੀਵਰਸਿਟੀ ਦੀ ਵੈੱਬ ਸਾਇਟ ਤੇ ਉਪਲੱਬਧ ਹੈ,ਜੀ। ਅਧਿਆਪਕ ਦਾ ਟੀ.ਏ/ਡੀ.ਏ ਅਤੇ ਅਦਾਇਗੀ ਬਿੱਲ, ਕਾਲਜ ਵਿਖੇ ਹੀ ਲੈ ਕੇ ਸਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਵੈਰੀਫਾਈ ਕਰਨ ਉਪਰੰਤ ਨਿਗਰਾਨ (ਲੇਖਾ-5), ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਸਿੱਧੇ ਤੌਰ ਤੇ ਭੇਜਣਗੇ ਅਤੇ ਅਵਾਰਡ ਲਿਸਟ ਸਬੰਧਿਤ ਕਾਲਜ ਆਨਲਾਈਨ ਯੂਨੀਵਰਸਿਟੀ ਨੂੰ ਭੇਜਣਗੇ। ਇਸ ਅਵਾਰਡ ਲਿਸਟ ਦੀ ਹਾਰਡ ਕਾਪੀ ਵੀ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਪ੍ਰਿੰਸੀਪਲ ਸਾਹਿਬ ਨੂੰ ਇਹ ਵੀ ਬੇਨਤੀ ਹੈ ਕਿ ਜਿਨ੍ਹਾਂ ਅੰਡਰ ਗਰੈਜੂਏਟ ਕਲਾਸਾਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਵਿਚ ਪ੍ਰੋਜੈਕਟ ਰਿਪੋਰਟ/ਡੈਸਰਟੇਸ਼ਨ/ਵਾਈਵਾ ਹੈ, ਉਹਨਾਂ ਵਿਦਿਆਰਥੀਆਂ ਦੀ ਟਰੇਨਿੰਗ ਪੂਰੀ ਹੋਣ ਉਪਰੰਤ ਨਜ਼ਦੀਕੀ ਕਾਲਜ ਤੋਂ ਵਿਸ਼ਾ ਮਾਹਿਰ ਬੁਲਾਕੇ ਇਹਨਾਂ ਦੀ ਮਾਰਕਿੰਗ ਉਪਰੰਤ ਵਿਦਿਆਰਥੀਆਂ ਦਾ ਪ੍ਰੈਕਟੀਕਲ/ਵਾਈਵਾ ਕਰਵਾਉਣ ਉਪਰੰਤ ਅਵਾਰਡ਼ ਲਿਸਟ ਆਨਲਾਈਨ ਭੇਜਣਗੇ ਅਤੇ ਇਸਦੀ ਹਾਰਡ਼ ਕਾਪੀ ਵੀ ਜ਼ਰੂਰ ਭੇਜਣਗੇ, ਇਹ ਅਵਾਰਡ਼ ਲਿਸਟ ਜੂਨ ਦੇ ਪਹਿਲੇ ਹਫ਼ਤੇ ਵਿਚ ਹੀ ਲਾਜ਼ਮੀ ਤੌਰ ਤੇ ਭੇਜਣੀ ਹੋਵੇਗੀ। ਬਾਕੀ ਪ੍ਰੈਕਟੀਕਲ ਵਿਸ਼ੇ ਦੀਆਂ ਅੰਕ-ਸੂਚੀਆਂ ਪ੍ਰੈਕਟੀਕਲ ਪ੍ਰੀਖਿਆ ਖਤਮ ਹੋਣ ਤੋਂ ਚਾਰ ਦਿਨਾਂ ਦੇ ਅੰਦਰ ਹੀ ਆਨਲਾਈਨ ਭੇਜਣੀਆਂ ਹੋਣਗੀਆਂ।

ਜੇਕਰ ਕਿਸੇ ਕਾਲਜ ਵਿਖੇ ਵਿਦਿਆਰਥੀਆਂ ਦੀ ਗਿਣਤੀ 07 ਤੋਂ ਘੱਟ ਹੈ ਤਾਂ ਉਸ ਕਾਲਜ ਦੇ ਪ੍ਰਿੰਸੀਪਲ ਸਾਹਿਬ ਇਹ ਪ੍ਰੈਕਟੀਕਲ ਪ੍ਰੀਖਿਆ ਨਜ਼ਦੀਕੀ ਕਾਲਜ ਵਿਖੇ ਕਰਵਾਉਣਗੇ। ਜਿਸ ਕਾਲਜ ਵਿਖੇ ਵਿਦਿਆਰਥੀਆਂ ਦੀ ਗਿਣਤੀ 7 ਤੋਂ 15 ਦੇ ਵਿਚਕਾਰ ਹੈ ਉਹ ਕਾਲਜ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਪ੍ਰੈਕਟੀਕਲ ਸੈਂਟਰ ਫੀਸ ਜਮਾਂ ਕਰਵਾਉਣ ਉਪਰੰਤ ਹੀ ਆਪਣੇ ਕਾਲਜ ਵਿਖੇ ਪ੍ਰੈਕਟੀਕਲ ਪ੍ਰੀਖਿਆ ਕਰਵਾਉਣਗੇ। ਅੰਕ ਸੂਚੀਆਂ ਆਨਲਾਈਨ ਪੋਰਟਲ ਤੇ ਭੇਜਣ ਸਬੰਧੀ ਯੂਨੀਵਰਸਿਟੀ ਦੀ ਵੈਬਸਾਇਟ (www.pupexamination.ac.in) ਤੇ ਪੋਰਟਲ ਜਲਦੀ ਹੀ ਉਪਲੱਬਧ ਕੀਤਾ ਜਾ ਰਿਹਾ ਹੈ।

ਉਪਰੋਕਤ ਅੰਡਰ-ਗ੍ਰੈਜੂਏਟ ਪ੍ਰੈਕਟੀਕਲ ਪ੍ਰੀਖਿਆਵਾਂ ਮਿਤੀ 17-4-2017 ਤੋਂ ਸ਼ੁਰੂ ਹੋ ਰਹੀਆਂ ਹਨ।

12/4/17

ਕੰਟਰੋਲਰ (ਪ੍ਰੀਖਿਆਵਾਂ)

12/4/2017